Punjabi - Number 74
October 2017

# ਵੈਨਕੋਮਾਈਸਿੰਨ - ਰਸਿਸਟੈਂਟ ਐਨਟੇਰੋਕੋਕਸੀ (ਵੀਆਰਈ)
## Vancomycin-Resistant *Enterococci* (VRE)

### ਐਨਟੇਰੋਕੋਕਸੀ (*Enterococci*) ਕੀ ਹਨ?

*ਐਨਟੇਰੋਕੋਕਸੀ* (Enterococci) ਹਰ 20 ਸਿਹਤਮੰਦ ਵਿਅਕਤੀਆਂ ਵਿੱਚੋਂ ਲਗਭਗ 19 ਦੇ ਪੇਟ ਅਤੇ ਆਂਦਰਾਂ ਵਿੱਚ ਪਾਏ ਜਾਣ ਵਾਲੇ ਬੈਕਟੀਰੀਆ ਹਨ। ਇਹ ਆਮਤੌਰ ਤੇ ਮੂੰਹ ਅਤੇ ਗਲੇ, ਔਰਤਾਂ ਦੇ ਜਣਨ-ਅੰਗਾਂ ਦੇ ਆਸੇ ਪਾਸੇ ਦੇ ਖੇਤਰ ਅਤੇ ਗੁਦੇ ਦੇ ਆਸੇ ਪਾਸੇ ਦੀ ਚਮੜੀ ਤੇ ਵੀ ਪਾਏ ਜਾਂਦੇ ਹਨ। ਮਨੁੱਖੀ ਮਲ (ਆਂਦਰਾਂ ਦੀ ਹਰਕਤ) ਵਿੱਚ ਇਸ ਬੈਕਟੀਰੀਆ ਦੇ ਸਭ ਤੋਂ ਵੱਧ ਸਤਰ ਹੁੰਦੇ ਹਨ। ਬੈਕਟੀਰੀਆ ਸਰੀਰ ਵਿੱਚ ਜਾਂ ਸਰੀਰ ਦੇ ਉੱਤੇ ਮੌਜੂਦ ਹੋ ਸਕਦੇ ਹਨ ਪਰ ਆਮਤੌਰ ਤੇ ਬੀਮਾਰੀ ਦਾ ਕਾਰਨ ਨਹੀਂ ਬਣਦੇ।

ਕਦੀ ਕਦਾਈਂ *ਐਨਟੇਰੋਕੋਕਸੀ* (Enterococci) ਖੁੱਲੇ ਜ਼ਖਮਾਂ ਜਾਂ ਚਮੜੀ ਦੇ ਨਾਸੂਰਾਂ (ਅਲਸਰਾਂ) ਵਿੱਚ ਵੜ ਜਾਂਦੇ ਹਨ, ਅਤੇ ਵਿਗਾੜ ਦਾ ਕਾਰਨ ਬਣਦੇ ਹਨ। ਘੱਟ ਵਾਰੀ, ਇਹ ਖ਼ੂਨ, ਪੇਸ਼ਾਬ ਦੇ ਟ੍ਰੈਕਟ ਜਾਂ ਸਰੀਰ ਦੇ ਦੂਸਰੇ ਟਿਸ਼ੂਆਂ ਦੇ ਗੰਭੀਰ ਵਿਗਾੜਾਂ ਦਾ ਕਾਰਨ ਬਣ ਸਕਦੇ ਹਨ।

### ਵੈਨਕੋਮਾਈਸਿੰਨ - ਰਸਿਸਟੈਂਟ ਐਨਟੇਰੋਕੋਕਸੀ (ਵੀਆਰਈ) ਕੀ ਹਨ?

ਵੈਨਕੋਮਾਈਸਿੰਨ ਇੱਕ ਐਂਟੀਬਾਇਟਿਕ ਦਵਾਈ ਹੈ ਜੋ ਉਹਨਾਂ ਗੰਭੀਰ ਲਾਗਾਂ ਦਾ ਇਲਾਜ ਕਰਨ ਲਈ ਵਰਤੀ ਜਾਂਦੀ ਹੈ ਜੋ ਉਹਨਾਂ ਜੀਵਾਣੂਆਂ ਦੇ ਕਾਰਨ ਹੁੰਦੀਆਂ ਹਨ ਜੋ ਪੈਨਿਸਿਲਿਨ ਵਰਗੇ ਹੋਰ ਐਂਟੀਬਾਇਟਿਕ ਦੇ ਪ੍ਰਤੀ ਪ੍ਰਤੀਰੋਧੀ ਹੁੰਦੀਆਂ ਹਨ। ਵੈਨਕੋਮਾਈਸਿੰਨ - ਰਸਿਸਟੈਂਟ *ਐਨਟੇਰੋਕੋਕਸੀ* (ਵੀਆਰਈ) ਉਹ *ਐਨਟੇਰੋਕੋਕਸੀ* ਹਨ ਜਿੰਨਾਂ ਤੇ ਵੈਨਕੋਮਾਈਸਿੰਨ ਦਾ ਅਸਰ ਨਹੀਂ ਹੁੰਦਾ।

ਵੀਆਰਈ (VRE) ਦਾ ਪਤਾ ਲਗਾਉਣਾ ਜਿਆਦਾ ਅਸਾਨ ਨਹੀਂ ਹੈ ਅਤੇ ਉਹ ਦੂਸਰੇ *ਐਨਟੇਰੋਕੋਕਸੀ* ਤੋਂ ਜਿਆਦਾ ਗੰਭੀਰ ਵਿਗਾੜਾਂ ਦਾ ਕਾਰਨ ਨਹੀਂ ਬਣਦੇ, ਪਰ ਉਨ੍ਹਾਂ ਦਾ ਇਲਾਜ ਕਰਨਾ ਕਿਧਰੇ ਜਿਆਦਾ ਮੁਸ਼ਕਲ ਹੈ।

### ਵੀਆਰਈ (VRE) ਚਿੰਤਾ ਦਾ ਕਾਰਨ ਕਿਉਂ ਹਨ?

ਵੈਨਕੋਮਾਈਸਿੰਨ ਐਂਟੀਬਾਇਓਟਿਕ ਉਨ੍ਹਾਂ ਕੁਝ ਐਂਟੀਬਾਇਓਟਿਕਾਂ ਵਿੱਚੋਂ ਇੱਕ ਹੈ ਜਿਹੜਾ ਕਈ *ਐਨਟੇਰੋਕੋਕਸੀ* ਕਰਕੇ ਹੋਣ ਵਾਲੇ ਗੰਭੀਰ ਵਿਗਾੜਾਂ ਦਾ ਇਲਾਜ ਕਰ ਸਕਦਾ ਹੈ। ਵੀਆਰਈ (VRE) ਕਰਕੇ ਹੋਣ ਵਾਲੇ ਵਿਗਾੜਾਂ ਦਾ ਇਲਾਜ ਕਰਨਾ ਬਹੁਤ ਜਿਆਦਾ ਮੁਸ਼ਕਲ ਹੋ ਸਕਦਾ ਹੈ।

### ਵੀਆਰਈ (VRE) ਕਿਵੇਂ ਫੈਲਦੇ ਹਨ?

ਇੱਕ ਵਿਅਕਤੀ ਤੋਂ ਦੂਸਰੇ ਤੱਕ ਵੀਆਰਈ (VRE) ਫੈਲਣ ਦਾ ਸਭ ਤੋਂ ਆਮ ਢੰਗ ਸਿੱਧੇ ਸੰਪਰਕ, ਆਮਤੌਰ ਤੇ ਹੱਥਾਂ ਦੇ ਨਾਲ, ਰਾਹੀਂ ਹੈ।

ਜੇ ਤੁਹਾਡੇ ਹੱਥ ਦੂਸ਼ਿਤ ਹੋ ਜਾਂਦੇ ਹਨ, ਤਾਂ ਵੀਆਰਈ (VRE) ਬੈਕਟੀਰੀਆ ਤੁਹਾਡੇ ਸਰੀਰ ਵਿੱਚ ਪ੍ਰਵੇਸ਼ ਕਰ ਸਕਦਾ ਹੈ ਜੇ ਤੁਸੀਂ ਆਪਣੇ ਹੱਥ ਆਪਣੇ ਮੂੰਹ ਵਿੱਚ ਪਾਉਂਦੇ ਹੋ ਜਾਂ ਪਹਿਲਾਂ ਹੱਥ ਧੋਏ ਬਿਨਾਂ ਕੁਝ ਖਾਂਦੇ ਹੋ। ਵੀਆਰਈ (VRE) ਤਾਂ ਵੀ ਫੈਲ ਸਕਦੇ ਹਨ ਜੇ ਤੁਸੀਂ ਵੀਆਰਈ (VRE) ਨਾਲ ਦੂਸ਼ਿਤ ਭੋਜਨ ਖਾਂਦੇ ਹੋ। ਭੋਜਨ ਤਾਂ ਦੂਸ਼ਿਤ ਹੋ ਸਕਦਾ ਹੈ ਜੇ ਭੋਜਨ ਤਿਆਰ ਕਰਨ ਵਾਲਾ ਵਿਅਕਤੀ ਭੋਜਨ ਬਣਾਉਣ ਅਤੇ ਪਰੋਸਣ ਤੋਂ ਪਹਿਲਾਂ ਉਨ੍ਹਾਂ ਦੇ ਹੱਥ ਨਹੀਂ ਧੋਂਦਾ।

### ਤੁਹਾਨੂੰ ਵੀਆਰਈ (VRE) ਹੋਣ ਦੇ ਕੀ ਸੰਜੋਗ ਹਨ?

ਜੇ ਤੁਸੀਂ ਸਿਹਤਮੰਦ ਹੋ ਅਤੇ ਸਮਾਜ ਵਿੱਚ ਰਹਿ ਰਹੇ ਹੋ, ਤਾਂ ਤੁਹਾਡੇ ਵੀਆਰਈ (VRE) ਨਾਲ ਵਿਗਾੜਗ੍ਰਸਤ ਹੋਣ ਦੇ ਸੰਜੋਗ ਨਿੰਮ੍ਹੇ ਹਨ, ਜੇ ਤੁਸੀਂ ਵੀਆਰਈ (VRE) ਵਾਲੇ ਕਿਸੀ ਵਿਅਕਤੀ ਦੇ ਸੰਪਰਕ ਵਿੱਚ ਰਹੇ ਹੋ ਤਾਂ ਵੀ। ਤੁਹਾਡੇ ਲਈ ਜੋਖਮ ਜਿਆਦਾ ਹੋ ਸਕਦਾ ਹੈ ਜੇ ਪਹਿਲਾਂ ਤੁਹਾਡਾ ਇਲਾਜ ਵੈਨਕੋਮਾਈਸਿੰਨ ਦੀਆਂ ਅਕਸਰ ਖੁਰਾਕਾਂ ਨਾਲ ਕੀਤਾ ਗਿਆ ਹੈ, ਜਾਂ ਜੇ ਤੁਸੀਂ ਅਜਿਹੇ ਹਸਪਤਾਲ ਵਿੱਚ ਲੰਮੇ ਸਮੇਂ ਲਈ ਰਹੇ ਹੋ ਜਿਥੇ ਵੀਆਰਈ (VRE) ਦੇ ਪੂਰਵ ਕੇਸ ਹੋ ਚੁੱਕੇ ਹਨ। ਉਹ ਮਰੀਜ਼ ਜਿੰਨਾਂ ਦੀਆਂ ਸਰੀਰ ਨੂੰ ਸੁਰੱਖਿਅਤ ਰੱਖਣ ਵਾਲੀਆਂ ਪ੍ਰਣਾਲੀਆਂ ਦਬੀਆਂ ਹੋਈਆਂ ਹਨ ਨੂੰ ਵੀ ਵੀਆਰਈ (VRE) ਕਰਕੇ ਬੀਮਾਰ ਹੋਣ ਦਾ ਜਿਆਦਾ ਖਤਰਾ ਹੈ।

ਵਰਤਮਾਨ ਸਮੇਂ ਤੇ ਕੈਨੇਡਾ ਵਿੱਚ, ਵੀਆਰਈ (VRE) ਦੇ ਵਿਗਾੜ ਬਹੁਤ ਹੀ ਦੁਰਲੱਭ ਹਨ। ਕੁਝ ਲੋਕਾਂ ਦੀ ਪਛਾਣ, ਹਸਪਤਾਲ ਵਿੱਚ ਰਹਿਣ ਦੇ ਦੌਰਾਨ ਜਾਂ ਉਸ ਤੋਂ ਪਹਿਲਾਂ ਕੀਤੀ ਚਮੜੀ ਅਤੇ ਗੁਦੇ ਤੋਂ ਲਏ ਗਏ ਸਵੈਬਾਂ (swabs) ਦੀ ਨਿਯਮਿਤ ਜਾਂਚ ਰਾਹੀਂ, ਵੀਆਰਈ (VRE) ਦੇ ਵਾਹਕ ਹੋਣ ਦੀ ਤਰ੍ਹਾਂ ਕੀਤੀ ਜਾਂਦੀ ਹੈ। ਦੂਸਰਿਆਂ ਦੀ ਪਛਾਣ ਉਸ

ਵੇਲੇ ਹੋ ਸਕਦੀ ਹੈ ਜਦੋਂ ਵੀਆਰਈ (VRE) ਵਿਗਾੜ ਵਾਪਰਨ ਦੀ ਸੂਰਤ ਵਿੱਚ ਜਾਂਚ ਕੀਤੀ ਜਾਂਦੀ ਹੈ। ਬ੍ਰਿਟਿਸ਼ ਕੁਲੰਬੀਆ ਵਿੱਚ, ਪ੍ਰਾਂਤ ਭਰ ਵਿੱਚ, ਕੁਝ ਹਸਪਤਾਲਾਂ ਵਿੱਚ ਮਰੀਜ਼ਾਂ ਵਿੱਚ ਵੀਆਰਈ (VRE) ਦੇ ਕਈ ਰਿਪੋਰਟ ਕੀਤੇ ਗਏ ਕੇਸਾਂ ਦੇ ਨਾਲ, ਵੀਆਰਈ (VRE) ਦੇ ਕੁਝ ਕੇਸਾਂ ਦੀਆਂ ਰਿਪੋਰਟਾਂ ਮਿਲੀਆਂ ਹਨ।

## ਵੀਆਰਈ (VRE) ਕਿੰਨੇ ਸਮੇਂ ਤੱਕ ਰਹਿੰਦਾ ਹੈ?

ਸਿਹਤਮੰਦ ਲੋਕ ਵਿੱਚ ਵੀਆਰਈ (VRE) ਕਈ ਹਫਤਿਆਂ ਜਾਂ ਸਾਲਾਂ ਤੱਕ ਵੀ ਮੌਜੂਦ ਰਹਿ ਸਕਦਾ ਹੈ, ਅਤੇ ਉਹ ਇਲਾਜ ਤੋਂ ਬਿਨਾਂ ਹੀ ਬੈਕਟੀਰੀਆ ਨੂੰ ਆਪਣੇ ਸਰੀਰ ਤੋਂ ਸਾਫ ਵੀ ਕਰ ਸਕਦੇ ਹਨ। ਪਰ, ਜੇ ਤੁਹਾਨੂੰ ਗੰਭੀਰ ਵੀਆਰਈ (VRE) ਵਿਗਾੜ ਹੋਇਆ ਹੈ, ਤਾਂ ਵਿਗਾੜ ਮੁੜ ਕੇ ਵਾਪਸ ਆ ਸਕਦਾ ਹੈ, ਖਾਸ ਕਰਕੇ ਵੈਨਕੋਮਾਈਸਿੰਨ ਜਾਂ ਅਜਿਹੇ ਦੂਸਰੇ ਐਂਟੀਬਾਇਓਟਿਕਾਂ ਦੇ ਨਾਲ ਇਲਾਜ ਤੋਂ ਬਾਅਦ ਜਿਹੜੇ ਅਸਰਦਾਰ ਨਹੀਂ ਹਨ।

## ਵੀਆਰਈ (VRE) ਵਿਗਾੜਾਂ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਜੇ ਤੁਸੀਂ ਵੀਆਰਈ (VRE) ਦੇ ਵਾਹਕ ਹੋ ਅਤੇ ਤੁਸੀਂ ਸਿਹਤਮੰਦ ਹੋ, ਤਾਂ ਤੁਹਾਨੂੰ ਇਲਾਜ ਦੀ ਲੋੜ ਨਹੀਂ ਹੈ। ਤੁਸੀਂ ਆਪਣੀਆਂ ਆਮ ਗਤੀਵਿਧੀਆਂ ਜਾਰੀ ਰੱਖ ਸਕਦੇ ਹੋ।

ਹਾਲਾਂਕਿ ਤੁਸੀਂ ਆਪਣੇ ਪਰਿਵਾਰ, ਸਹਿਕਰਮੀਆਂ ਜਾਂ ਜਨਤਾ ਲਈ ਖਤਰਾ ਨਹੀਂ ਹੋ, ਤੁਹਾਡੇ ਲਈ ਸਾਬਣ ਅਤੇ ਪਾਣੀ ਵਰਤ ਕੇ ਆਪਣੇ ਹੱਥ ਨਿਯਮਿਤ ਤੌਰ ਨਾਲ ਧੋਣਾ ਮਹੱਤਵਪੂਰਨ ਹੈ। ਸੰਭਵ ਹੈ ਕਿ ਅਲਕੋਹਲ ਰੱਬ ਨੂੰ ਵਰਤਣਾ ਤੁਹਾਨੂੰ ਹੱਥਾਂ ਨਾਲ ਸਤਹਾਂ ਨੂੰ ਛੂਹਣ ਕਰਕੇ ਵੀਆਰਈ (VRE) ਦਾ ਫੈਲਾਅ ਰੋਕਣ ਵਿੱਚ ਮਦਦ ਕਰ ਸਕੇ। ਤੁਹਾਨੂੰ ਆਪਣੀ ਕੰਮ ਦੀ ਥਾਂ, ਸਕੂਲ ਜਾਂ ਡੇਕੇਅਰ ਦੀ ਥਾਂ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਤੁਹਾਡੇ ਅੰਦਰ ਵੀਆਰਈ (VRE) ਹੈ।

ਜੇ ਤੁਹਾਨੂੰ ਵੀਆਰਈ (VRE) ਵਿਗਾੜ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਤੁਹਾਡਾ ਲੁੜੀਂਦਾ ਇਲਾਜ ਮੁਹੱਈਆ ਕਰੇਗਾ। ਹਾਲਾਂਕਿ ਇਸ ਦਾ ਪ੍ਰਬੰਧ ਕਰਨਾ ਮੁਸ਼ਕਲ ਹੈ, ਵੀਆਰਈ (VRE) ਦੇ ਗੰਭੀਰ ਵਿਗਾੜਾਂ ਦਾ ਇਲਾਜ ਹਲੇ ਵੀ ਵੈਨਕੋਮਾਈਸਿੰਨ ਵਰਗੇ ਐਂਟੀਬਾਇਓਟਿਕਾਂ ਦੀਆਂ ਵੱਡੀਆਂ ਖੁਰਾਕਾਂ ਨਾਲ ਕੀਤਾ ਜਾ ਸਕਦਾ ਹੈ। ਕੁਝ ਨਵੇਂ ਐਂਟੀਬਾਇਓਟਿਕ ਵੀ ਅਸਰਦਾਰ ਹੋ ਸਕਦੇ ਹਨ।

## ਤੁਸੀਂ ਵੀਆਰਈ (VRE) ਦੇ ਵਿਗਾੜਾਂ ਦੀ ਰੋਕਥਾਮ ਕਿਵੇਂ ਕਰ ਸਕਦੇ ਹੋ?

ਵੀਆਰਈ (VRE) ਤੋਂ ਤੁਹਾਡੀ ਰੱਖਿਆ ਕਰਨ ਵਾਸਤੇ ਕੋਈ ਵੈਕਸੀਨ ਨਹੀਂ ਹੈ। ਸਭ ਤੋਂ ਮਹੱਤਵਪੂਰਨ ਚੀਜ਼ ਜਿਹੜੀ ਤੁਸੀਂ ਕਰ ਸਕਦੇ ਹੋ ਉਹ ਹੈ ਖਾਣ, ਪੀਣ,ਸਿਗਰੇਟ ਪੀਣ ਜਾਂ ਨਿਜੀ ਦੇਖਭਾਲ ਦੇ ਉਤਪਾਦ ਲਗਾਉਣ, ਅਤੇ ਟਾਇਲਟ ਵਰਤਣ ਤੋਂ ਬਾਅਦ ਤੁਹਾਡੇ ਹੱਥ ਧੋਣਾ। ਆਪਣੇ ਹੱਥਾਂ ਨੂੰ ਘੱਟੋ ਘੱਟ 20 ਸਕਿੰਟਾਂ ਲਈ ਨਿਘਾ ਪਾਣੀ ਅਤੇ ਸਾਬਣ ਵਰਤ ਕੇ ਚੰਗੀ ਤਰ੍ਹਾਂ ਧੋਵੋ ਅਤੇ ਆਪਣੇ ਹੱਥ ਸੁਕਾਉਣ ਲਈ ਪੇਪਰ ਟਾਵਲ ਵਰਤੋ। ਜੇ ਤੁਹਾਡੇ ਹੱਥ ਦੇਖਣ ਵਿੱਚ ਗੰਦੇ ਨਹੀਂ ਲਗਦੇ ਅਤੇ ਤੁਹਾਡੀ ਸਾਬਣ ਅਤੇ ਪਾਣੀ ਤੱਕ ਪਹੁੰਚ ਨਹੀਂ ਹੈ, ਤਾਂ 60 -90 ਪ੍ਰਤੀਸ਼ਤ ਅਲਕੋਹਲ ਰੱਬ ਵੀ ਵਰਤੇ ਜਾ ਸਕਦੇ ਹਨ।

ਬੈਕਟੀਰੀਆ ਰੇਲਿੰਗਾਂ, ਨਲਕਿਆਂ ਅਤੇ ਹੈਂਡਲਾਂ ਵਰਗੇ ਸਤਹਾਂ ਤੇ 7 ਦਿਨਾਂ ਤੱਕ ਜ਼ਿੰਦਾ ਰਹਿ ਸਕਦੇ ਹਨ। ਸਧਾਰਨ ਘਰੇਲੂ ਸਫਾਈ ਕਰਨ ਵਾਲੇ ਪਦਾਰਥਾਂ ਨਾਲ ਇੰਨਾਂ ਸਤਹਾਂ ਦੀ ਨਿਯਮਿਤ ਸਫਾਈ ਵੀ ਬੈਕਟੀਰੀਆ ਦੇ ਫੈਲਾਅ ਨੂੰ ਘਟਾਉਣ ਵਿੱਚ ਸਹਾਇਤਾ ਕਰ ਸਕਦੀ ਹੈ।

ਹੱਥ ਧੋਣ ਬਾਰੇ ਹੋਰ ਜਾਣਕਾਰੀ ਲਈ, HealthLinkBC File #85 ਹੱਥ ਧੋਣਾ: ਰੋਗਾਣੂਆਂ ਨੂੰ ਫੈਲਣ ਤੋਂ ਰੋਕਣ ਵਿੱਚ ਸਹਾਇਤਾ ਕਰੋ ਦੇਖੋ।

## ਕੀ ਹਸਪਤਾਲ ਜਾਣ ਲਈ ਖਾਸ ਸਾਵਧਾਨੀਆਂ ਵਰਤੇ ਜਾਣ ਦੀ ਲੋੜ ਹੈ?

ਹਸਪਤਾਲ ਵਿੱਚ ਹੋਣ ਦੌਰਾਨ, ਮੁਲਾਕਾਤ ਕਰਨ ਵਾਲਿਆਂ ਨੂੰ ਵੀਆਰਈ (VRE) ਦੇ ਫੈਲਾਅ ਨੂੰ ਰੋਕਣ ਲਈ ਹਸਪਤਾਲ ਦੀਆਂ ਸੇਧਾਂ ਦੀ ਪਾਲਣਾ ਕਰਨੀ ਪਏਗੀ। ਇਸ ਵਿੱਚ ਸ਼ਾਮਲ ਹੋਏਗਾ ਹੱਥਾਂ ਨੂੰ ਧੋਣਾ ਜਾਂ ਹਸਪਤਾਲ ਅਤੇ/ਜਾਂ ਮਰੀਜ਼ ਦੇ ਕਮਰੇ ਵਿੱਚ ਆਉਣ ਅਤੇ ਉਸ ਤੋਂ ਬਾਹਰ ਜਾਣ ਵੇਲੇ ਅਲਕੋਹਲ ਵਾਲਾ ਹੈਂਡ ਰੱਬ ਵਰਤਣਾ।

ਜੇ ਸੰਭਵ ਹੈ ਕਿ ਤੁਸੀਂ ਵੀਆਰਈ (VRE) ਦੇ ਵਾਹਕ ਹੋ ਅਤੇ ਹਸਪਤਾਲ ਵਿੱਚ ਦਾਖਲ ਕੀਤੇ ਜਾਣ ਵਾਲੇ ਹੋ, ਤਾਂ ਹਸਪਤਾਲ ਦੇ ਦਾਖਲ ਕਰਨ ਵਾਲੇ ਸਟਾਫ ਨੂੰ ਦਸਣਾ ਮਹੱਤਵਪੂਰਨ ਹੈ। ਦੂਸਰੇ ਮਰੀਜ਼ਾਂ ਅਤੇ ਹਸਪਤਾਲ ਦੇ ਸਟਾਫ ਦੀ ਵੀਆਰਈ (VRE) ਵਿਗਾੜ ਤੋਂ ਰੱਖਿਆ ਕਰਨ ਲਈ ਕਦਮ ਚੁੱਕੇ ਜਾਣਗੇ।

BC Centre for Disease Control
An agency of the Provincial Health Services Authority